SOUTHWESTERN Public Health
Oxford · Elgin · St.Thomas

**St. Thomas Site**
1230 Talbot Street
St. Thomas N5P 1G9
519-631-9900

**Woodstock Site**
410 Buller Street
Woodstock N4S 4N2
519-421-9901

**1-800-922-0096 | www.swpublichealth.ca**



# ਆਪਰੇਟਰਾਂ ਲਈ ਮਾਰਗ-ਦਰਸ਼ਨ: ਹੇਅਰਡਰੈਸਿੰਗ ਅਤੇ ਵਾਲ ਕੱਟਣਾ

## ਸਿਹਤ ਸੰਬੰਧੀ ਸ਼ੰਕਾ:

ਹੇਅਰ ਡ੍ਰੈਸਿੰਗ/ਵਾਲ ਕੱਟਣ ਲਈ ਵਰਤੇ ਜਾਂਦੇ ਸਾਜ਼ੋ-ਸਮਾਨ/ਯੰਤਰ ਬੈਕਟੀਰੀਆ, ਉੱਲੀ ਜਾਂ ਵਾਇਰਸ ਜਿਵੇਂ ਕਿ ਹੈਪੇਟਾਈਟਸ ਬੀ, ਹੈਪੇਟਾਈਟਸ ਸੀ ਅਤੇ HIV ਨਾਲ ਦੂਸ਼ਿਤ ਹੋ ਸਕਦੇ ਹਨ। **ਲਾਗ ਦੇ ਸੰਚਾਰ ਦੇ ਵਾਪਰਨ ਲਈ ਤੁਹਾਨੂੰ ਯੰਤਰਾਂ 'ਤੇ ਖ਼ੂਨ ਜਾਂ ਸਰੀਰਕ ਦ੍ਰਵ ਨੂੰ ਦੇਖਣ ਦੀ ਲੋੜ ਨਹੀਂ ਹੈ।**

## ਵਿਧਾਨਕ ਲੋੜਾਂ:

ਨਿੱਜੀ ਸੇਵਾ ਸੈਟਿੰਗਾਂ (Personal Service Settings - PSS) ਤੋਂ ਲੋੜਿਆ ਜਾਂਦਾ ਹੈ ਕਿ ਉਹ ਉਨਟੈਰੀਓ ਅਧਿਨਿਯਮ 136/18: ਨਿੱਜੀ ਸੇਵਾ ਸੈਟਿੰਗਾਂ ਦੀ ਤਾਮੀਲ ਕਰਦੇ ਹੋਏ ਕਾਰੋਬਾਰ ਚਲਾਉਣ।

PSS ਦੇ ਆਪਰੇਟਰਾਂ ਅਤੇ ਸਟਾਫ ਨੂੰ ਉਤਸ਼ਾਹਤ ਕੀਤਾ ਜਾਂਦਾ ਹੈ ਕਿ ਉਹ ਪਬਲਿਕ ਹੈਲਥ ਉਨਟੈਰੀਓ ਵੱਲੋਂ ਬਣਾਈ ਨਿੱਜੀ ਸੇਵਾ ਸੈਟਿੰਗਾਂ ਵਿੱਚ ਲਾਗ ਦੀ ਰੋਕਥਾਮ ਅਤੇ ਕੰਟਰੋਲ ਲਈ ਗਾਈਡ ਦੀ ਸਮੀਖਿਆ ਕਰਨ ਤਾਂ ਜੋ PSS ਵਿੱਚ ਲਾਗਾਂ ਦੀ ਰੋਕਥਾਮ ਅਤੇ ਇਹਨਾਂ ਨੂੰ ਕੰਟਰੋਲ ਕਰਨ ਵਾਲੀਆਂ ਪ੍ਰਥਾਵਾਂ ਬਾਰੇ ਹੋਰ ਜਾਣਿਆ ਜਾ ਸਕੇ ਜੋ ਲਾਗਾਂ ਫੈਲਣ ਦੇ ਜੋਖ਼ਮ ਨੂੰ ਘੱਟ ਕਰਦੀਆਂ ਹਨ।

## ਆਪਰੇਟਰ ਦੀ ਸਿਹਤ ਅਤੇ ਸੁਰੱਖਿਆ

- ਸਰਵਿਸ ਤੋਂ ਪਹਿਲਾਂ ਆਪਰੇਟਰ ਨੂੰ ਲਾਜ਼ਮੀ ਤੌਰ 'ਤੇ ਹੱਥ ਸਾਫ਼ ਕਰਨੇ ਚਾਹੀਦੇ ਹਨ।
- ਆਪਰੇਟਰ ਨੂੰ ਸੇਵਾ ਦੌਰਾਨ ਖਾਣਾ, ਪੀਣਾ ਜਾਂ ਤੰਬਾਕੂਨੋਸ਼ੀ ਲਾਜ਼ਮੀ ਤੌਰ 'ਤੇ ਨਹੀਂ ਕਰਨੇ ਚਾਹੀਦੇ।
- ਚੰਗੀ ਨਿੱਜੀ ਸਫਾਈ ਦਾ ਅਭਿਆਸ ਕਰੋ।

## ਚਮੜੀ ਦੀ ਤਿਆਰੀ

- ਉਹਨਾਂ ਗ੍ਰਾਹਕਾਂ ਨੂੰ ਸੇਵਾ ਪ੍ਰਦਾਨ ਨਾ ਕਰੋ ਜਿਨ੍ਹਾਂ ਦੀ ਚਮੜੀ 'ਤੇ ਕੰਮ ਕੀਤੇ ਜਾ ਰਹੇ ਖੇਤਰ ਦੇ 6 ਇੰਚ ਦੇ ਅੰਦਰ ਕੱਟ, ਜ਼ਖ਼ਮ, ਧੱਫੜ ਜਾਂ ਦਿਖਾਈ ਦੇਣ ਵਾਲੀਆਂ ਚਮੜੀ ਦੀਆਂ ਲਾਗਾਂ ਹਨ।
- ਸਿਰ ਦੀਆਂ ਜੂੰਆਂ ਜਾਂ ਖੋਪੜੀ ਜਾਂ ਗਰਦਨ 'ਤੇ ਉੱਲੀ ਵਾਲੀ ਲਾਗ ਦੇ ਲੱਛਣਾਂ ਵਾਲੇ ਗਾਹਕ ਨੂੰ ਸਰਵਿਸ ਪ੍ਰਦਾਨ ਨਾ ਕਰੋ। ਗਾਹਕ ਨੂੰ ਮੁਲਾਂਕਣ ਵਾਸਤੇ ਕਿਸੇ ਸਿਹਤ ਸੰਭਾਲ ਪ੍ਰਦਾਨਕ ਨੂੰ ਮਿਲਣ ਦੀ ਸਲਾਹ ਦਿਓ।

## ਯੰਤਰ ਅਤੇ ਸਾਜ਼ੋ-ਸਮਾਨ:

- ਗਾਹਕ ਦੀ ਚਮੜੀ ਅਤੇ ਕੇਪ (cape) ਦੇ ਵਿਚਕਾਰ ਇੱਕ ਸੈਨਟਰੀ ਗਰਦਨ ਦੀ ਪੱਟੀ (neck strip) ਜਾਂ ਇੱਕ ਸਾਫ਼ ਤੌਲੀਏ ਦੀ ਵਰਤੋਂ ਕਰੋ। ਗਾਹਕਾਂ ਵਿਚਕਾਰ ਜਾਂ ਤਾਂ ਇਸਨੂੰ ਸੁੱਟ ਦਿਓ ਜਾਂ ਧੋ ਲਓ।
- ਡਬਲ ਡਿਪਿੰਗ ਦੀ ਇਜਾਜ਼ਤ **ਨਹੀਂ** ਹੈ ਭਾਵ ਕਿਸੇ ਐਪਲੀਕੇਟਰ ਨਾਲ ਗਾਹਕ ਨੂੰ ਛੂਹਣਾ ਅਤੇ ਫਿਰ ਹੋਰ ਉਤਪਾਦ ਪ੍ਰਾਪਤ ਕਰਨ ਲਈ ਉਸੇ ਐਪਲੀਕੇਟਰ ਦੀ ਵਰਤੋਂ ਕਰਨਾ। ਹੇਠ ਲਿਖੇ ਤਰੀਕਿਆਂ ਦੀ ਇਜਾਜ਼ਤ ਹੈ:
    - ਜਿੱਥੇ ਉਤਪਾਦ ਨੂੰ ਨਪੀੜਿਆ ਜਾ ਸਕਦਾ ਹੈ ਜਾਂ ਪੰਪ ਕਰਕੇ ਬਾਹਰ ਕੱਢਿਆ ਜਾ ਸਕਦਾ ਹੈ ਉਥੇ ਕੰਟੇਨਰਾਂ ਦੀ ਵਰਤੋਂ ਕਰੋ।
    - ਉਤਪਾਦ ਹਾਸਲ ਕਰਨ ਵੇਲੇ ਐਪਲੀਕੇਟਰਾਂ ਦੀ ਵਰਤੋਂ ਕਰੋ।
    - ਇੱਕ ਵਾਰ ਵਰਤੋਂ ਵਾਲੇ ਕੰਟੇਨਰਾਂ ਦੀ ਵਰਤੋਂ ਕਰੋ।
- ਉਹ ਸਾਜ਼ੋ-ਸਮਾਨ ਅਤੇ ਯੰਤਰ ਜਿਨ੍ਹਾਂ ਨੂੰ ਗਾਹਕਾਂ ਦੇ ਵਿਚਕਾਰ ਚੰਗੀ ਤਰ੍ਹਾਂ ਸਾਫ਼ ਅਤੇ ਰੋਗਾਣੂ-ਮੁਕਤ ਨਹੀਂ ਕੀਤਾ ਜਾ ਸਕਦਾ ਹੈ, ਉਹ ਲਾਜ਼ਮੀ ਤੌਰ 'ਤੇ ਇੱਕ ਵਾਰ ਵਰਤੋਂ ਵਾਲੇ ਹੋਣੇ ਚਾਹੀਦੇ ਹਨ (ਉਦਾਹਰਨ ਲਈ ਵਰਕ, ਕਾਗਜ਼, ਸ਼ੇਵਿੰਗ ਬਲੇਡ)।

- ਫਿਕਸ ਕੀਤੇ ਬਲੇਡਾਂ ਵਾਲੇ ਸਿੱਧੇ ਰੇਜ਼ਰ ਦੀ ਸਿਫ਼ਾਰਸ਼ ਨਹੀਂ ਕੀਤੀ ਜਾਂਦੀ। ਜੇ ਵਰਤਿਆ ਜਾਂਦਾ ਹੈ, ਤਾਂ ਇਹਨਾਂ ਨੂੰ ਲਾਜ਼ਮੀ ਤੌਰ 'ਤੇ ਸਾਫ਼ ਅਤੇ ਕੀਟਾਣੂੰਮੁਕਤ ਕੀਤਾ ਜਾਣਾ ਚਾਹੀਦਾ ਹੈ। ਵਧੇਰੇ ਜਾਣਕਾਰੀ ਲਈ **ਸਵੱਛਕਰਨ ਤੱਥ ਸ਼ੀਟ (Sterilization Fact Sheet)** ਦੇਖੋ।

## ਸਾਫ਼ ਸਫਾਈ ਕਰਨਾ ਅਤੇ ਕੀਟਾਣੂੰ ਰਹਿਤ ਕਰਨਾ

### ਸਫ਼ਾਈ

- ਸਾਰੇ ਯੰਤਰਾਂ, ਸਾਜ਼ੋ-ਸਮਾਨ ਅਤੇ ਸਤਹਾਂ ਜਿਨ੍ਹਾਂ ਨੂੰ ਸਾਫ਼-ਸਫ਼ਾਈ, ਅਤੇ ਕੀਟਾਣੂ-ਮੁਕਤ ਕੀਤੇ ਜਾਣ ਦੀ ਲੋੜ ਹੁੰਦੀ ਹੈ, ਨੂੰ ਪਹਿਲਾਂ ਪੂਰੀ ਤਰ੍ਹਾਂ ਵੱਖ ਕੀਤਾ ਜਾਣਾ **ਲਾਜ਼ਮੀ** ਹੈ। ਫਿਰ ਚੀਜ਼ਾਂ ਨੂੰ ਸਾਬਣ ਜਾਂ ਡਿਟਰਜੈਂਟ ਨਾਲ ਗਰਮ ਪਾਣੀ ਵਿੱਚ ਸਾਫ਼ ਕਰਨਾ ਲਾਜ਼ਮੀ ਹੈ।
- ਲਿਨਨ ਨੂੰ ਵਰਤੋਂ ਤੋਂ ਬਾਅਦ ਲਾਜ਼ਮੀ ਤੌਰ 'ਤੇ ਧੋਣਾ ਚਾਹੀਦਾ ਹੈ ਅਤੇ ਲੋੜੀਂਦੀ ਸਪਲਾਈ ਉਪਲਬਧ ਹੋਣੀ ਚਾਹੀਦੀ ਹੈ।
- ਕੰਧਾਂ, ਫਰਸ਼ਾਂ, ਅੰਦਰੂਨੀ ਛੱਤਾਂ ਅਤੇ ਸਤਹਾਂ ਦੀ ਨਿਯਮਤ ਸਫਾਈ ਬਣਾਈ ਰੱਖੀ ਜਾਣੀ ਹੈ।

### ਕੀਟਾਣੂੰਨਾਸ਼ਕਤਾ

ਸਾਰੇ ਕੀਟਾਣੂਨਾਸ਼ਕ ਰੋਜ਼ਾਨਾ ਜਾਂ ਨਿਰਮਾਤਾ ਦੀਆਂ ਹਿਦਾਇਤਾਂ ਅਨੁਸਾਰ ਤਾਜ਼ੇ ਬਣਾਏ ਜਾਣੇ ਲਾਜ਼ਮੀ ਹਨ। ਸਾਰੇ ਕੀਟਾਣੂਨਾਸ਼ਕਾਂ ਦਾ ਹੈਲਥ ਕੈਨੇਡਾ ਦੁਆਰਾ ਜਾਰੀ ਡਰੱਗ ਪਛਾਣ ਨੰਬਰ (DIN) ਜਾਂ ਕੁਦਰਤੀ ਉਤਪਾਦ ਨੰਬਰ (NPN) ਹੋਣਾ ਲਾਜ਼ਮੀ ਹੈ।

| ਪੱਧਰ | ਵਰਤੋਂ ਕਦੋਂ ਕਰਨੀ ਹੈ | ਉਦਾਹਰਨਾਂ |
|---|---|---|
| ਨਿਮਨ ਪੱਧਰੀ | ਸਾਜ਼ੋ-ਸਮਾਨ ਅਤੇ ਯੰਤਰ ਜਾਂ ਵਸਤੂਆਂ ਜੋ ਗਾਹਕ ਨਾਲ ਸਿੱਧੇ ਤੌਰ 'ਤੇ ਸੰਪਰਕ ਨਹੀਂ ਕਰਦੀਆਂ ਜਾਂ ਸਿਰਫ਼ ਵਾਲ਼ਾਂ ਜਾਂ ਸਹੀ-ਸਲਾਮਤ ਚਮੜੀ ਨਾਲ ਸੰਪਰਕ ਕਰਦੀਆਂ ਹਨ। | • ਉੱਚ ਛੂਹਣ ਵਾਲੀਆਂ ਸਤਹਾਂ ਜਿਵੇਂ ਕੁਰਸੀਆਂ, ਮੇਜ਼, ਸਿੰਕ<br>• ਕੰਘੇ ਅਤੇ ਬੁਰਸ਼<br>• ਮੁੜ-ਵਰਤਣ ਯੋਗ ਰੰਗ ਮਿਕਸਿੰਗ ਲਈ ਕਟੋਰੇ<br>• ਵਾਲ਼ਾਂ ਲਈ ਕੈਂਚੀਆਂ<br>• ਵਾਲ਼ ਕਲਿਪਰ ਬਲੇਡ<br>• ਵਾਲ਼ ਰੋਲਰ, ਕਲਿੱਪ ਅਤੇ ਕੈਪਾਂ<br>• ਕਰੋਸ਼ੀਆ ਹੁੱਕਾਂ |
| ਮੱਧਵਰਤੀ ਪੱਧਰ | ਸਾਜ਼-ਸਾਮਾਨ, ਯੰਤਰ, ਜਾਂ ਵਸਤੂਆਂ ਜੋ ਸਿਰਫ਼ ਸਹੀ-ਸਲਾਮਤ ਚਮੜੀ ਨਾਲ ਸੰਪਰਕ ਕਰਨ ਦੇ ਇਰਾਦੇ ਨਾਲ ਬਣਾਈਆਂ ਹੁੰਦੀਆਂ ਹਨ, ਪਰ ਇਹ ਗਲਤੀ ਨਾਲ ਗੈਰ-ਸਹੀ-ਸਲਾਮਤ ਚਮੜੀ ਜਾਂ ਲੇਸਦਾਰ ਝਿੱਲੀ ਦੇ ਸੰਪਰਕ ਵਿੱਚ ਆ ਸਕਦੀਆਂ ਹਨ ਜਾਂ ਚਮੜੀ ਵਿੱਚ ਪ੍ਰਵੇਸ਼ ਕਰ ਸਕਦੀਆਂ ਹਨ। | • ਵਾਲ ਕਲਿਪਰ ਬਲੇਡ*<br>• ਵਾਲ਼ਾਂ ਲਈ ਕੈਂਚੀਆਂ*<br>• ਕਰੋਸ਼ੀਆ ਹੁੱਕਾਂ* |
| ਉੱਚ ਪੱਧਰ | ਕੋਈ ਵੀ ਸਤ੍ਹਾ, ਸਾਜ਼ੋ-ਸਮਾਨ ਜਾਂ ਸੰਦ ਜੋ ਖ਼ੂਨ ਦੇ ਸੰਪਰਕ ਵਿੱਚ ਆ ਸਕਦੇ ਹਨ। | ਲਾਗੂ ਨਹੀਂ ਹੁੰਦਾ |

* ਕੀਟਾਣੂੰਨਾਸ਼ਨ ਦਾ ਇਹ ਵਧਿਆ ਹੋਇਆ ਪੱਧਰ ਲੋੜੀਂਦਾ ਹੁੰਦਾ ਹੈ ਜੇ ਔਜ਼ਾਰ ਗਰਦਨ ਨੂੰ ਵਿੰਨ੍ਹਦੇ ਹਨ।

ਪ੍ਰਵਾਨਿਤ ਕੀਟਾਣੂਨਾਸ਼ਕਾਂ ਅਤੇ ਸੰਪਰਕ ਸਮੇਂ ਬਾਰੇ ਜਾਣਕਾਰੀ ਲਈ **ਕੀਟਾਣੂੰਨਾਸ਼ਕਤਾ ਚਾਰਟ** ਦੇਖੋ।

## ਰਹਿੰਦ-ਖੂੰਹਦ ਦਾ ਨਿਪਟਾਰਾ

- ਖ਼ੂਨ ਅਤੇ/ਜਾਂ ਸਰੀਰਕ ਦ੍ਰਵਾਂ ਵਾਲੇ ਰਹਿੰਦ-ਖੂੰਹਦ ਨੂੰ ਲੀਕ-ਪਰੂਫ ਬੈਗ ਵਿੱਚ ਪਾਕੇ ਸੁੱਟ ਦਿਓ।

- ਵਰਤੋਂ ਤੋਂ ਬਾਅਦ ਇੱਕ ਵਾਰ ਵਰਤੇ ਜਾਣ ਵਾਲੇ ਔਜ਼ਾਰ ਅਤੇ ਸਾਜ਼ੋ-ਸਾਮਾਨ ਨੂੰ ਬਾਹਰ ਸੁੱਟ ਦਿਓ।
- ਇੱਕ ਵਾਰ ਵਰਤੇ ਜਾਣ ਵਾਲੀਆਂ ਤਿੱਖੀਆਂ ਚੀਜ਼ਾਂ ਨੂੰ ਇੱਕ ਮਨਜ਼ੂਰਸ਼ੁਦਾ, ਤਿੱਖੀਆਂ ਚੀਜ਼ਾਂ ਦੇ ਕੰਟੇਨਰ ਵਿੱਚ ਸੁੱਟਿਆ ਜਾਣਾ ਚਾਹੀਦਾ ਹੈ ਜੋ ਕੈਨੇਡੀਅਨ ਸਟੈਂਡਰਡਜ਼ ਐਸੋਸੀਏਸ਼ਨ ਦੇ ਮਾਪਦੰਡਾਂ ਨੂੰ ਪੂਰਾ ਕਰਦਾ ਹੈ।
- ਤਿੱਖੀਆਂ ਚੀਜ਼ਾਂ ਦੇ ਕੰਟੇਨਰਾਂ ਨੂੰ ਸੀਲ ਕੀਤਾ ਅਤੇ ਬਦਲਿਆ ਜਾਣਾ ਚਾਹੀਦਾ ਹੈ ਜਦੋਂ ਸਮੱਗਰੀ ਕੰਟੇਨਰ 'ਤੇ ਨਿਸ਼ਾਨਦੇਹੀ ਕੀਤੀ ਭਰਨ ਦੀ ਲਾਈਨ ਤੱਕ ਪਹੁੰਚ ਜਾਂਦੀ ਹੈ ਜਾਂ ਜਦੋਂ ਇਹ ਤਿੰਨ-ਚੌਥਾਈ ਭਰ ਜਾਂਦਾ ਹੈ।

## ਰਿਕਾਰਡ ਰੱਖਣਾ

### ਗਾਹਕਾਂ ਦੇ ਰਿਕਾਰਡ

- **ਸਿਰਫ਼** ਹੇਅਰ ਡ੍ਰੈਸਿੰਗ ਅਤੇ ਵਾਲ਼ ਕੱਟਣ ਦੀਆਂ ਸੇਵਾਵਾਂ ਦੀ ਪੇਸ਼ਕਸ਼ ਕਰਨ ਵਾਲੇ ਸਥਾਨਾਂ ਨੂੰ ਗਾਹਕ ਦੇ ਰਿਕਾਰਡ ਰੱਖਣ ਦੀ ਲੋੜ ਤੋਂ ਛੋਟ ਦਿੱਤੀ ਜਾਂਦੀ ਹੈ।
- ਜੇਕਰ ਹੇਅਰ ਡ੍ਰੈਸਿੰਗ ਅਤੇ ਵਾਲ਼ ਕੱਟਣ ਤੋਂ ਇਲਾਵਾ ਹੋਰ ਸੇਵਾਵਾਂ ਦੀ ਪੇਸ਼ਕਸ਼ ਕਰ ਰਹੇ ਹੋ, ਤਾਂ ਗਾਹਕ ਦਾ ਨਾਮ ਅਤੇ ਸੰਪਰਕ ਜਾਣਕਾਰੀ ਦਰਜ ਕੀਤੀ ਜਾਣੀ ਚਾਹੀਦੀ ਹੈ।

### ਚਾਣਚੱਕ ਖ਼ੂਨ ਜਾਂ ਸਰੀਰਕ ਦ੍ਰਵ ਦੇ ਸੰਪਰਕ ਵਿੱਚ ਆਉਣਾ

- PSS ਨੂੰ ਸਾਰੇ ਚਾਣਚੱਕ ਵਾਪਰੇ ਖ਼ੂਨ ਜਾਂ ਸਰੀਰਕ ਦ੍ਰਵ ਨਾਲ ਸੰਪਰਕਾਂ ਨੂੰ ਰਿਕਾਰਡ ਕਰਨ ਦੀ ਲੋੜ ਹੁੰਦੀ ਹੈ। ਰਿਕਾਰਡਾਂ ਵਿੱਚ ਲਾਜ਼ਮੀ ਤੌਰ 'ਤੇ **ਚਾਣਚੱਕ ਖ਼ੂਨ ਦੇ ਸੰਪਰਕ ਵਿੱਚ ਆਉਣ ਦੇ ਲੌਗ (Accidental Blood Exposure Log)** ਵਿੱਚ ਦੱਸੀ ਗਈ ਜਾਣਕਾਰੀ ਸ਼ਾਮਲ ਹੋਣੀ ਚਾਹੀਦੀ ਹੈ।
- ਰਿਕਾਰਡ ਲਾਜ਼ਮੀ ਤੌਰ 'ਤੇ ਇੱਕ ਸਾਲ ਲਈ ਸਾਈਟ 'ਤੇ ਰੱਖੇ ਜਾਣੇ ਚਾਹੀਦੇ ਹਨ। ਪਹਿਲੇ ਸਾਲ ਤੋਂ ਬਾਅਦ, ਰਿਕਾਰਡਾਂ ਨੂੰ ਲਾਜ਼ਮੀ ਤੌਰ 'ਤੇ ਸਾਂਭਕੇ ਰੱਖਣਾ ਚਾਹੀਦਾ ਹੈ ਅਤੇ ਘੱਟੋ-ਘੱਟ ਦੋ ਸਾਲਾਂ ਲਈ ਸੁਰੱਖਿਅਤ ਥਾਂ 'ਤੇ ਆਸਾਨੀ ਨਾਲ ਉਪਲਬਧ ਹੋਣਾ ਚਾਹੀਦਾ ਹੈ।

## ਕੋਈ ਸਵਾਲ?

ਜੇ ਤੁਹਾਡੇ ਕੋਈ ਸਵਾਲ ਹਨ ਤਾਂ ਕਿਰਪਾ ਕਰਕੇ ਆਪਣੇ ਇਲਾਕੇ ਦੇ ਪਬਲਿਕ ਹੈਲਥ ਇੰਸਪੈਕਟਰ ਨਾਲ 1-800-922-0096 'ਤੇ ਸੰਪਰਕ ਕਰੋ।